ਵਿਸ਼ਾ:-ਪੰਜਵੀਂ ਪ੍ਰੀਖਿਆ ਮਾਰਚ-2022 ਸੀ.ਸੀ.ਈ. ਦੇ ਅੰਕ ਆਨ ਲਾਈਨ ਭਰਨ ਸਬੰਧੀ ਹਦਾਇਤਾਂ।

ਸੀ.ਸੀ.ਈ. ਭਰਨ ਤੋਂ ਪਹਿਲਾਂ ਸਕੂਲ ਮੁੱਖੀ ਸਾਰੇ ਪ੍ਰੀਖਿਆਰਥੀਆਂ ਦੀ ਵਿਸ਼ੇ ਵਾਰ ਕੰਸੋਲੀਡੇਟਡ ਕਾਪੀ ਤਿਆਰ ਕਰਵਾ ਲੈਣ ਤਾਂ ਜੋ ਆਨ-ਲਾਈਨ ਭਰਨ ਵਿੱਚ ਕੋਈ ਦਿੱਕਤ ਨਾ ਆਵੇ।

1. ਪ੍ਰੀਖਿਆ ਲਈ ਸੀ.ਸੀ.ਈ. ਦੇ ਅੰਕ ਆਨ-ਲਾਈਨ ਭਰਨ ਲਈ ਸਕੂਲਾਂ ਨੂੰ ਪੰਜਵੀਂ ਸ਼੍ਰੇਣੀ ਮਿਤੀ: 24-02-2022 ਤੋਂ 10-03-2022 ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਬਾਅਦ ਆਨ- ਲਾਈਨ ਡਾਟਾ ਲਾਕ ਕਰ ਦਿੱਤਾ ਜਾਵੇਗਾ। ਨਿਰਧਾਰਿਤ ਆਖਰੀ ਮਿਤੀ ਤੋਂ ਬਾਅਦ ਪ੍ਰਤੀ ਸਕੂਲ ਜੁਰਮਾਨਾ ਫੀਸ ਭਰਨ ਉਪਰੰਤ ਹੀ ਸੀ.ਸੀ.ਈ. ਅੰਕ ਭਰਨ ਲਈ ਪੈਨਲ ਖੋਲ੍ਹਿਆ ਜਾਵੇਗਾ।
2. ਪੰਜਵੀਂ ਸ਼੍ਰੇਣੀ ਦੇ ਸਾਰੇ ਵਿਸ਼ਿਆ ਦੇ ਸੀ.ਸੀ.ਈ. ਦੇ ਅੰਕ 20 ਵਿੱਚੋ ਅਪਲੋਡ ਕਰਨੇ ਜਰੂਰੀ ਹਨ। ਸਾਰੇ ਵਿਸ਼ਿਆ ਦੇ ਸੀ.ਸੀ.ਈ. ਅੰਕ ਭਰਨੇ ਜਰੂਰੀ ਹਨ।
3. ਜੇਕਰ ਪ੍ਰੀਖਿਆਰਥੀ ਗੈਰ-ਹਾਜਰ ਹੈ ਤਾਂ ਸੀ.ਸੀ.ਈ. ਵਿੱਚ A(ABS) ਲਿਖਿਆ ਜਾਵੇ।
4. ਜੇਕਰ ਪ੍ਰੀਖਿਆਰਥੀ ਦੀ ਯੋਗਤਾ ਰੱਦ ਹੈ ਤਾਂ ਸੀ.ਸੀ.ਈ. ਵਿੱਚ C(CAN) ਲਿਖਿਆ ਜਾਵੇ।
5. ਆਪਣੇ ਪੱਧਰ ਤੇ ਸਕੂਲ ਨੂੰ ਆਨਲਾਈਨ ਕੋਈ ਵੀ ਵਿਸ਼ਾ ਤਬਦੀਲ ਕਰਨ ਦੀ ਆਗਿਆ ਨਹੀ ਹੈ। ਦਫਤਰ ਨਾਲ ਸੰਪਰਕ ਕਰਕੇ ਵਿਸ਼ਾ ਬਦਲੀ ਕਰਵਾਉਣ ਉਪਰੰਤ ਹੀ ਫਾਈਨਲ ਸਬਮਿਸ਼ਨ ਕੀਤੀ ਜਾਵੇ।
6. ਫਾਈਨਲ ਸਬਮਿਟ ਕਰਨ ਤੋਂ ਪਹਿਲਾਂ ਰਫ ਪ੍ਰਿੰਟ-ਆਊਟ ਲੈ ਕੇ ਪ੍ਰੀਖਿਆਰਥੀਆਂ ਦੇ ਵਿਸ਼ੇਵਾਰ ਭਰੇ ਅੰਕ ਚੈਕ ਕਰ ਲਏ ਜਾਣ ਜੇਕਰ ਕੋਈ ਤਰੁੱਟੀ ਹੈ ਤਾਂ ਆਨ-ਲਾਈਨ ਸੋਧ ਕਰ ਲਈ ਜਾਵੇ।
7. ਫਾਈਨਲ ਸਬਮਿਟ ਕਰਨ ਉਪਰੰਤ ਆਨ-ਲਾਈਨ ਡਾਟਾ ਲਾਕ ਹੋ ਜਾਵੇਗਾ ਅਤੇ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ।
8. ਸੀ.ਸੀ.ਈ. ਦੇ ਅੰਕ ਭਰਨ ਦੀ ਸਹੀ ਵਿਧੀ ਹੈ ਕਿ ਜੇਕਰ ਪ੍ਰੀਖਿਆਰਥੀ ਦੇ ਅੰਕ 10 ਹਨ ਤਾਂ ਸੀ.ਸੀ.ਈ. ਵਾਲੇ ਕਾਲਮ ਵਿੱਚ 010 ਦਰਜ ਕੀਤਾ ਜਾਵੇ ਅਤੇ ਜੇਕਰ 1 ਅੰਕ ਹੈ ਤਾਂ 001 ਦਰਜ ਕੀਤਾ ਜਾਵੇ।
9. ਸੀ.ਸੀ.ਈ. ਕੇਵਲ ਆਨ-ਲਾਈਨ ਹੀ ਦਫ਼ਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।
10. ਫਾਈਨਲ ਸਬਮਿਸ਼ਨ ਦਾ ਪ੍ਰਿੰਟ ਸਕੂਲ ਮੁੱਖੀ ਵੱਲੋਂ ਤਸਦੀਕ ਕਰਕੇ ਸਕੂਲ ਰਿਕਾਰਡ ਵਿੱਚ ਰੱਖਿਆ ਜਾਵੇ। ਫੋਟੋ ਸਟੇਟ ਕਾਪੀ ਰਿਕਾਰਡ ਵਿੱਚ ਨਾ ਰੱਖੀ ਜਾਵੇ।

23/2/22

ਸਹਾਇਕ ਸਕੱਤਰ (ਪੰਜਵੀਂ/ਅੱਠਵੀਂ)